बाब-42

# माघ देस अते बरमा दी उदासी

## राखशां दे माघ-देस पहुंच गया बाबा- राजा मिन्न रजा नाल गोसटि

'आगे साखी लिखते। राजे मधुरबैन तथा सभ नाल होई।" (बाले वाली पन्ना-177)

बरमा ते भारती सूब्यां (अरुनाचल, नागालैंड, मनीपुर ते मिजोरम) दरम्यान इक्क पहाड़ी सिलसिला है जिस नूं जनम साखी दे लिखारियां ने सिलमिला पहाड़ियां लिख्या है। इहो सिलसिला फिर चिटागांग लागे बंगाल दी खाड़ी तों थोड़ा हटवा रह के समुन्दर दे नाल नाल पूरब नूं मुड़ जांदा है। चिट्टागांग तों शुरू हो के इस सिलसिले ते समुन्दर दरम्यान जेहड़ी घाटी बणदी है उनूं आराकान देस केहा जांदा है जिथों दे वासी अज्ज रोहंग्या मुसलमान हन। ओहो रोहंग्या जिन्नां नूं पिछे बरमां विच वड्डी मार पई सी। हजारां दा कतलाम होया। इह दौड़ के कुझ भारत आए कुझ बंगला देस। आराकान इलाका बरमा जां म्यामार दे कंटरोल तहत है। आराकान दे साहमने अंडेमान समुन्दर विच्च वी सैकड़े टापू वी हन। इह वी एसे देस दा हिसा हन।

इथों दे वसनीकां नूं आराकानी जां रखाईन (राखश) केहा जांदा है। उह आप ही आपने बारे लिखदे हन कि पुराने जमाने विच्च सानूं राखश केहा जांदा सी। उनां लोकां नूं हिन्दुसतान विच्च माघ लोक कह के याद कीता जांदा सी। बंगाली लोक इनां नूं आराकानी कहन्दे हन।




15वी सदी विच्च इस देस दी राजधानी 'मराक उ सी। 1404-1434 ई तक्क इक्क राजा होया 'नर मेखला' नां दा, उस ने बंगाल दे सुलतान दी ईन मन्न के मराक ऊ नूं बंगाल दा हिसा मन्न ल्या सी। कहन तों मतलब जदों गुरू साहब चिट्टागांग जांदे ने ओदों माघ देस ते वी बंगाल दे बादशाह अलाउदीन हुसैन शाह (जनम साखी दा सुध्र सैन) दा राज सी। जिस करके इह कारन बणदा है गुरू साहब दा माघ देस विच जान दा।

गुरू साहब दे इस इलाके तों वापस आउन तों कुझ साल बाद भाव अलाउदीन हुसैन शाह दी मौत तों बाद भाव 1539 ई विच्च ही मराक-यू दा राज उलटा

**बाले वाली जनम साखी विच्च हेठ लिखियां साखियां आउदियां हन जिन्नां दा सबंध बरमा नाल साबत हुन्दा नजर आ रेहा है:-**

**1.पन्ना 168.** आगे साखी लिखते। सुध्र सैन तथा इन्द्र सैन तथा झंडे बाढी नाल होयी गोसटि (इह बरमा दी सरहद्द ते बंगलादेश दे शहर चिटागांग विखे साबत हुन्दी है। (साखी पिच्छे आ चुक्की है)

**2.पन्ना-177.** आगे साखी लिखते। राजे मधुरबैन तथा सभ नाल होई। (सिलमिला दीप, शहर दा नाउ ब्रहम पुर।) - अज्ज पछान - रखाईन देस दी राजधानी 'मराक यू' साबत हुन्दी है।

**3.पन्ना-180.** आगे जम्बू दीप नूं चले। आगे साखी लिखते देवलूत तथा होरनां नाल गोसटि होई।(जिथे कड़ाहे विच्च तलीदा (इनसान) ..शहर दा नां नाउ देउरीधार। ..वड्डा राजा..सतारां लक्ख देउ इस दे सलामी।)-- अज्ज पछान - शहर दा नां बागो। रंगून तों 91 कि.मी. उतर पूरब विच्च।

**4.पन्ना-192.** आगे होर उदासी साखी चली।(धरम सिंघ ते कवल नैन नाल) (7 महीने 13 दिन समुन्दर विच्च चले थे। अग्गे कोहां चौहां ते शहर नजर आया। सवर्रनपुर। सभ कुझ सोने दा।- अज्ज पछान - आवा जां इनवा -देस दी राजधानी। नाल दित्ता नकशा वेखो जी ।

क्युकि इनां तिन्नां साखियां दा सबंध चिटागांग दे राजे सुध्र सैन (बादशाह अलाउदीन हुसैन शाह) नाल जुड़दा है । इस करके इह पूरब जां दूर पूरब तो सिवा होर किसे थां दियां नही हो सकदियां। क्युकि बादशाह हुसैन शाह दा माघ देसां भाव रखाईन देसां ते वी राज सी इस करके इह बरमां नाल इनां दा सबंध होना सहला साबत हुन्दा है। जदों गुरू साहब मियांमार ते रखाईन देस विच्च आए मुलक मुख तौर ते तिन्न वड्डियां र्यसतां विच्च सी। हालां अग्गे बाजगुजार राजे वी है सन। तिन्न मुख भाग सन:

1. रखाईन- राजधानी मराक उ
2. हंथावड्डी (हंसावती) र्यसत -राजधानी बागो।
3. आवा र्यसत -राजधानी आवा।

-

इह गल्ल दुरुसत नही जेहड़े इस साखी नूं रखाईन देस तों परे ओरे लै जांदे हन। (कोयी सिंघ मलेशिया कह दिन्दा ते कोयी कुझ होर) सिलमिला दीप जां पहाड़ियां दा जिकर है। राखशां दा जिकर है। फिर सभ तों वड्डी गल्ल साखी विच्च गुरू साहब दे मूंहो राजे सुध्र सैन दा पक्ख लैंदे दस्स्या ग्या। सुध्र सैन चिटागाग दा राजा है। उस दा राज रखाईन देस तक्क है।

मिन रज़ा 'मराक ओ दा:-

https://en.wikipedia.org/wiki/Min_Raza_of_Mrauk-U

चिटागांग ते हो गया सी। अज्ज कल्ह जो बरमा दे रोहंग्यां लोकां दा मसला उठ्या होया है इह उहो पुराने राखश लोक ही हन। जो बाद विच्च सारे मुसलमान बण गए सन। इनां विच्च कुझ गिणती हिन्दूआं दी वी है। राखश दा मतलब उह लोक जो इनसान नूं वी खा जांदे सन।

क्युकि माघ देस उदों बंगाल दा ही हिस्सा सन। इस करके गुरू साहब दा 'मराक उ जाना तां बणदा ही सी। जदों गुरू साहब इस इलाके विच्च आए ओदों इस इलाके विच्च कोयी 17-18 अधीन (बाज़गुजार) छोटे छोटे राजे सन। जनम साखी विच्च ओनां दे नां जो दित्ते हन उह दरुसत तां नही हन पर इक्क वड्डमुल्ला इतहासिक इशारा जरूर है। क्युकि गुरू साहब दी आमद मौके इथे वी कोयी बहुता महत्तवपूरन राजा नही सी। राज चिटागांग दे बादशाह हुसैन शाह दा ही चलदा सी। मराक ऊ विच्च उस वेले हकूमत राजा 'मिन रज़ा' उरफ इलियास शाह (1480-1514 ई दी सी। इह उह राजा है जो हमेशां शिकार खेडन विच्च ही रुझ्झा रहन्दा सी। वकत पा के इनूं इहदे खुद्द दे पुत्तर गज़पती ने ही मार दित्ता सी।

जनम साखी च लिख्या है कि गुरू साहब चिटागांग तों समुन्दर रसते चल के फिर धरती ते पहुंच गए ते इक्क शहर मराक ऊ (साखी च नां ब्रहमपुर दित्ता है। कुदरती है कि बरमा नां तो) दे बाहर ही जा डेरा कीता। मरदाना काहला प्या कि साहब मैनूं शहर वेख आउन द्यो। कुझ खा पी आवां। गुरू साहब ने उनूं केहा कि कुझ चिर होर हौसला रक्ख, फिर चला जावीं।

सबब्बीं कुझ चिर बाद मुलक दा राजा 'मिन रज़ा' (जनम साखी च नां मधुर बैन दित्ता है) शिकार खेडदा खेडदा ओधर आ निकल्या जित्थे गुरू साहब हुरी बिराजे होए सन।मरदाने ने राजे नूं दस्स्या कि असी पंजाब देस तों आए हां। फिर राजे ने पुच्छ्या कि तुसी बिसियर देस थांनी लंघे जे? मरदाने ने बड़े फखर नाल केहा कि बिसियर देस दे राजे शाहु हुसैन नूं गुरू साहब ने ही दूर देसां तक्क हकूमत ते बादशाही दा वर दित्ता है। इक्क दूसरे दी वाकफियत तों बाद राजे नूं गुरू साहब बारे पता लग्गा कि दौलत खां लोधी दे किसे वेले कारदार रहे ने ते चिटागांग दा राजा इनां दा मित्र है तां गुरू साहब नूं आपने महल्लां विच्च लै जान दी जिद्द कीती। केहा कि इलाका अणजान इनसानां लई ठीक नही। कई खतरे गिन गिन के दस्से। तां गुरू साहब निरंकार दी याद विच्च इह शबद बोल्या:-

मारू महला 1 ॥ सबदि मरै ता मारि मरु भागो किसु पह जाउ ॥ जिस कै ड्रि भै भागीऐ अंमृतु ता को नाउ ॥



Kingdoms in Burma (1450 AD)

मारह राखह एकु तू बीजउ नाही थाउ ॥1॥ बाबा मै कुचीलु काचउ मतेहीन ॥ नाम बिना को कछु नही गुरि पूरै पूरी मति कीन ॥1॥ रहाउ ॥ अवगनि सुभर गुन नही बिनु गुन क्यु घरि जाउ ॥ सहजि सबदि सुखु ऊपजै बिनु भागा धनु नाह ॥ जिन कै नामु न मनि वसै से बाधे दूख सहाह ॥2॥ जिनी नामु विसार्या से कितु आए संसारि ॥ आगै पाछै सुखु नही गाडे लादे छारु ॥ विच्चुड़्या मेला नही दूखु घनो जम दुआरि ॥3॥ अगै क्या जाना नाह मै भूले तू समझाय ॥ भूले मारगु जो दसे तिस कै लागउ पाय ॥ गुर बिनु दाता को नही कीमति कहनु न जाय ॥4॥ साजनु देखा ता गलि मिला साचु पठाययो लेखु ॥ मुखि धिमानै धन खड़ी गुरमुखि आखी देखु ॥ तुधु भावै तू मनि वसह नदरी करमि विसेखु ॥5॥ भूख प्यासो जे भवै क्या तिसु मागउ देइ ॥ बीजउ सूझै को नही मनि तनि पूरनु देइ ॥ जिनि किया तिनि देख्या आपि वडायी देइ ॥6॥ नगरी नायकु नवतनो बालकु लील अनूपु ॥ नारि न पुरखु न पंखनू साचउ चतुरु सरूपु ॥ जो तिसु भावै सो थीऐ तू दीपकु तू धूपु ॥7॥ गीत साद चाखे सुने बाद साद तनि रोगु ॥ सचु भावै साचउ चवै छूटै सोग विजोगु ॥ नानक नामु न वीसरै जो तिसु भावै सु होगु ॥8॥3॥

राजा गुरू साहब तों ग्यान हासल कर चरनां ते ढह प्या।

आखिर गुरू साहब नूं महली लै ही ग्या। केहा जांदा है कि साहब इथे महीना भर ठहरे ते लोकां नूं कुबुद्ध करनों हटा के निरंकार दे नाम नाल जोड़्या। इनसान ते जुलम करन ते करम कांडा तों वरज्या।

----◆----

## जदों सुनेहरी महल्ल वेख के मरदाने दियां अक्खां चुंध्या गईआं ❖

### आवा दा राजा सवरन महल नरपती ते धरमा सिंघा नूं उपदेश

आगे होर उदासी साखी चली।(धरम सिंघ ते कवल नैन नाल) बाला पन्ना-192

राखस देस दी राजधानी मराक ऊ तों 700 किलोमीटर दा सफर समुन्दरी जहाज जां बेड़ी रांही चलके गुरू साहब ते मरदाना पहलां इरावडी नदी दे मुहाने ते पहुंचे ते ओथों बेड़ी रांही ही उतांह पहाड़ पासे नूं कोयी 900 किलोमीटर दा सफर कई दिन ते कई रातां कट के पूरा कीता।अंत नूं मलाहां ने बाबे नूं आवा शहर दे कंढे ल्या लाहआ जिन्नू इनवा वी कहन्दे हन। जो अज्ज दे मांडला शहर दे नेड़े पैदा है। जित्थे इरावडी नदी विच्च माईटंग नदी मिलदी है।

महीन्यां बद्धा सफर कर कर के अंत नूं मरदाना काहला पै ग्या, "बाबा केहड़े फाह च पायआ ई किन्ने दिन हो गए ने नां कोयी बन्दा नां बन्दे दी जात।" गुरू साहब ने केहा "मरदान्या हौसला रक्ख हुन तां आपां पहुंच गए हां। बाकी जिस जिस कार विच्च निरंकार ने सानूं लायआ है उस विच्च लग्गे हां। ओहदे भाने विच्च खुश रहो। निरंकार दा शुकराना अदा करीदा। ओह वेख साहमने शहर नजर प्या आंवदा ई एसे तरां मरदाने नूं समझाउदे बुझाउदे 4 कोह (6-7 किलोमीटर) पैंडा कीता। मरदाने नूं वी सुनेहरी राजधानी दूरो ही दिस पई ते उनूं चाय चड़ह ग्या। शहर दी इक्क नुक्कर ते जां उनां ने बाहर ही किसे रुक्ख थल्ले डेरा ला ल्या। मरदाने ने अराम करनां वी जरूरी नही समझ्या ते गुरू साहब कोलो शहर जान दी आग्या मंगी। गुरू साहब ने केहा जायो, खायो, पीयो। मरदाना कहन लग्गा कि बाबा ओथे केहड़ी मेरी मासी

---

ਪੈੜ ਮਗ

**की सबूत कि इह साखी आवा अरथात अंगवा (मांडला, बरमा) विखे वापरी?--सरोत -बाले वाली साखी पन्ना-192**

उ. कुझ लोकां ने केहा है कि इह घटना सोनारगायो दी है क्युकि शहर दा नां सवर्रन पुर जु लिख्या है।

अ. कुझ दा कहना है कि इह घटनां चिट्टागांग विखे वापरी क्युकि दस्स्या है कि शहर समुन्दर तों 4 कोह ते है।

इ. इक्क लिखारी ने इस नूं म्यांमार दे टापू (दीप) तिनासरम विखे होयी दस्स्या है ते कोयी इहनूं मलेशिया विच्च होनी लिख रेहा है।

आवा विखे वापरन दा सबूत-

1.साखी विच्च साफ लिख्या है कि इह उह जगा है जित्थे "अजे मुसलमान नही आए।" जिस दा मतलब इह नां तां सोनारगायो है नां ही चिट्टागांग ते नां ही मलेशिया।

2. इलाके दी वाकफियत दिन्दे होए धरमा सिंगा कहन्दा है कि इथे अन्न कुदरती तौर ते उपजदा है। मतलब झोना, कणक, जवार आदि जो आपने आप उगदे हन। वाही नही करनी पैंदी। इह गल्ल अज्ज दे जमाने विच्च वी सच्च है कि मांडला दे इलाके विच्च 'शिफटिंग कलटीवेशन' दा रिवाज अज्ज दिन तक्क है। लोक कुझ समां जमीन वाहुन्दे हन फिर छड्डु दिन्दे हन। जदों जमीन वेहली रहन्दी है तां कुदरती तौर ते जो अनाज उपजदा है उह वी वढ्या जांदा है।

3. गुरू साहब इलाके दी वाकफियत दिन्दे कहन्दे हन कि "इथे मैथुन नही हुन्दा भाव इह वाम मारगियां दा इलाका नही है।" असाम जां उतर-पूरब भारत नही है।

4. "लंमा समां समुन्दर (पाणी) विच्च चलणा।" चिटागांग तों मराक ऊ ते मराक ऊ तों दर्यां इरावडी दे मुहाने तों दर्या रांही आवा पहुंचणा। 1600 किलोमीटर लंमा सफर पानी विच्च।

5. "पानी मीहां दा घरां ते टोभ्यां विच्च बहुत है" थां थां पानी दी बहुलता साफ मतलब म्यामार जां उपरी असम दा इलाका।

6. "सवर्रनपुर" - शहर दा पुरातन नां रतनपुर सी भाव रतना दी नगरी। जदो गुरू साहब पधारे देसां विच्च चरचा सी कि राजा सोन महल बना रेहा है। राजा मिन सवे ने निरा महल सोने दा ही नही बणवायआ, पगोडा जां सतूप वी सोने दा। इतहास विच्च दरज है कि उस ने वड्डी कोशिश करके हर चीज़ सुनेहरी बणवाई। सो राजे सवर्रन नरायन नरपती ने आवा नूं सवरन नगरी बना दित्ता। (इह वी वड्डा सबूत है।)

सवरन महल दा उदघाटन फरवरी 1511 ई नूं कीता। इस दा मतलब गुरू साहब उदघाटन तों थोड़ा ही पिच्छे जां ऐन उदघाटन मौके पहुंचे होन। आपां इहो मन्न के चलांगे कि गुरू साहब उदघाटन मौके इथे सन।

राजे ने बाद विच्च जो आपना नां रक्ख्या उस विच्च वी नानक लफज आउदा है। इह वी हो सकदा है कि इह महज इतफाक सी कि बरमी भाशा दे लफज शवेनानक्याशिन जिस दा मतलब है सोनमहल दा मालक विच्च दो नन्ने ते कक्का आउदा होवे।

7. साफ ज़ाहर है कि गुरू साहब चिटागांग तों बाद इधर बरमा आए हन। फिर राजा नूं कह रहे हन कि उह वी अलाउदीन हुसैन शाह (सुध्र सैन) नाल संधी कर लवे। मतलब चीन जां मलेशिया जां थाईलैंड दा इलाका नही हो सकदा। इह तां चिटागांग र्यासत दे नाल लग्गदा ही कोयी इलाका हो सकदा है। जेहड़े लोक इस नूं मलेशिया जां थाईलैंड नाल जोड़न उह उहनां दी कपोल कलपना तों सिवा कुझ होर नही हो सकदा।

जनम साखी च साफ दरज है कि गुरू साहब राजे नूं सुचेत कर रहे हन कि जे बचना तां चिटागांग दे राजे नाल संधी कर लै। नही तां भायी तेरी मरजी। साफ ज़ाहर है कि राजे ने हुसैन शाह दी ईन नां मन्नी जिस दा नतीजा इह निकल्या कि 25 मारच 1527 नूं आवा ते शान र्यासतां ने फतह पा लई ते 150 साल पुरानी आवा र्यासत तहस नहस कर दित्ती गई।(गुरू साहब आउन वाले वेले नूं वेख रहे सन।)

8. "इथों दे लोक जात वरन वी नही मन्नदे।" भाव भारत तों कोयी बाहर दा इलाका। असम बंगाल तक्क जात पात दी मानता है। पर बरमा विच्च नही है।

9. अलाउदीन हुसैन शाह (राजा सुधर सैन) ते मिन सवे (कवल नैन)- जनम साखी दे लिखारी नूं राज्यां दे नाम घट्ट ही याद रहे सन। इथो तक्क कि उह दिल्ली सुलतान दा नां वी गलत दसदा है। उस ने सुणियां सुणाईआं गल्लां लिखियां हन। अन्दाज़े जां इशार्यां तों सानूं इतहास लभना पउ। वेखो बाले वाली साखी विच्च किते राज्यां दे नां तुड़ तरंग आउदा है किते

ਪੈੜ ਅਗਲੇ ਸਫ਼ੇ ਤੇ ਚਲਦਾ ➡

बैठी है जो खवाए प्याएगी। मेरे तां पल्ले दमड़ी वी नही। गुरू साहब ने केहा जा मरदान्या तैनूं पूरा शहर सौंप्या। मरदाना झट्ट शहर जा वड़्या।

मरदाने ने जिवें शहर विच्च पैर पायआ उहदियां तां अक्खां खुल्लियां दियां खुल्लियां ही रह गईआं। चार चुफेर्यो जगमगाउदा चीनी बजार। हर पासे चमक ही चमक। कई दुकानां सुंञियां ही पईआं सन। मालक जां दुकानदार किते नज़र ही नां आवे। मरदाने ने हुन तक्क हज़ारां शहर वेख लए सन पर इह तां वक्खरा ही सी। इथों दा सभ्याचार वी वखरा ही सी। हर पासे नवियां नकोर सुनेहरी इमारतां।

जिवे मरदाना डौर भौरा होयी बज़ारां नूं वेख रेहा सी तां हिन्दुसतानी समझन वाला इक्क सखश मिल गया नाम धरमा सिंघा। धरमा सिंघा मरदाने नूं पुच्छन लग्गा, "लगदै परदेसी हो?" मरदाने ने केहा "हां मैं लहौर पंजाब देस तों हां। दिल्ली तों वी परे। असी साधू फकीर हां।" धरमा सिंघ ने पठाणां बारे सुण्या होया सी। सिंघा ने केहा कोयी मेरे लायक खिदमत होवे तां दस्सो। मरदाने ने केहा कि इस शहर दा की नां है? धरमा सिंघा ने केहा इह आवा राजधानी शहर है इनूं अंगवा वी केहा जांदा है। इहदा पुरातन नां रतनपुरा हुन्दा सी। साडे महाराजे ने इनूं सवर्नपुर बणाउन दी ठान लई है। इह सुनेहरी महल, सभ सुनेहरी दुकानां, साडा सतूप जां पगोडा वी सुनेहरी। मरदाने ने सिंघा नूं केहा असी भोजन करनां चाहुन्दे हां।

सिंघा मरदाने नूं राजे दे लंगर विच्च लै ग्या। मरदाने नूं हुकम होया कि जिन्नी कु मिठायी खा सकदै खा लै। ओथों कुझ मिठायी ते लीचियां मरदाने दी झोली विच्च पा दित्तियां कि जा आपने महंत ते दूसरे बन्दे वासते लै जा। जदों रसद तोली जा रही सी तां मरदाने ने वेख्या कि तकड़ी दे छाबे, डंडी ते वट्टे वी सभ सोने दे ही सन। मरदाने दी तां खुशी दा टिकाना नही सी।

मरदाना हैरान सी इह खैरात पा के। धरमे ने मरदाने नूं केहा कि भायी इथे अन्न कुदरती तौर ते आपने आप बहुत पैदा हुन्दा है। बन्दे ने तां बस वढ्ढ के ल्याउना हुन्दा है।बस पीह पकाउन दा ही कंम है इथे। राजे ने इस नूं धरम नगरी ऐलान दित्ता है। इथे कोयी भुक्खा नही सौंदा।

वाहो दाही आ के गुरू साहब नूं रिपोरट दित्ती कि बाबा इथो दा शहर तां बहुत अमीर है। मरदाना कहन लग्गा बाबा इथों दा राजा तां चिटागांग दे राजे हुसैन शाह (सुध्र सैन) तों वी वड्डा लग्गदा है। बाबे ने केहा हां मरदान्या किसे वेले हुसैन शाह इस दा सलामी सी। पर अज्ज ओह अजाद खुदमुखत्यार है।

इथों दी सभिअता बाबत बाबे कोलो पुच्छन लग्ग प्या, "बाबा जी, की इथों दे लोक वी गुहाटी वरगे बेशरम हन भाव मैथुन आम करदे हन?" गुरू साहब ने मरदाने नूं दस्स्या कि नही इह वक्खरी सभिअता है इह वाम मारगी नही। इह इक्क तरां नाल जंगली लोक हन ते इथे राज धरम दा है। बहुते गोबिन्द (साधू भाव भिकशू) लोक ही हन। लोकां विच्च चलाकियां नही हन। इथे अजे तक्क मुसलमान हमलावरां दा पैर नही प्या। इथे इक्क किसम

ਪੈਰ ਨੋਟ ਪਿਛੇ ਦੀ ਬਾਕੀ ➡ अटका घटका। कहन तों मतलब लिखारी राजे मिन सवे दा नां याद करन दी कोशिश करदा है। सानूं जनमसाखियां दे अधूरे पण तों जरा वी शिकवा शकायत नही है जिन्नां ने कहियां कहाईआं गल्लां नूं इतहास बना दित्ता। क्युकि इह साखियां भायी मरदाने जां गुरू साहब ने नही लिखाईआं। हो सकदा कदी इक्क अधी उदासी वेले किसे बाले ने साथ दित्ता होवे पर असल घालना जनम साखियां दे लिखारियां दी ही है।

**10.** धरम सिंघ कि धरमा सिंघा– बरमा इलाके विच्च ओनी दिनी सिंघा नां नाल आम वरत्या जांदा सी। पर असी इस नां नूं कोयी मामला ( इशू) नही बणाउना चाहुन्दे। जे धरम सिंघ वी केहा जावे तां सानूं कोयी दिकत नही।

**11.** बाकी दे नां तां जनम साखी करता ने फरजी पाए पर हो सकदा है कि धरम सिंघ जां धरमा सिंघा सिक्खी नाल जुड़्या होवे। जिस दा जिकर जनम साखी पूरे आतम विशवाश नाल करदी है।

**12.** राजे दी जात ब्राहमन दस्सी है। राखशश देश विच्च वी ओनी दिनी राजे आपने आप नूं ब्राहमन दसदे हन। इह रिवाज बरमा ते थाईलैंड तक्क मौजूद सी।

**13.** साखी च लिख्या है गुरू साहब सिलमिला पहाड़ां दे दामन विच्च बैठे हन। मतलब सालमाला परबत माला। आराकान पहाड़ी माला जां राखीन रेंज जिस नूं विदवानां ने बरम्मा दियां परबत माला ही पछाण्या है।

मतलब पहाड़ी इलाका। राज बहुत विशाल है। दूसरे पासे फिर पहाड़ हन। इह बरमा तां हो सकदा है पर दीप तनासिरम वी नही है। सुभावक है सोनारगायो वी नही।

**14.** याद रहे क्युकि कट्टक उडीसा वी गुरू साहब गए ते कट्टक दे साहमने समुन्दर विच्च जेहड़ा दीप पैंदा है उनूं वी जम्बू दीप कहन्दे हन। इथों दी वी गुरू साहब लंघे सन। पर बाकी दियां निशानियां इथे मेल हरगिज़ नही खांधियां।

**14.** "राज दी हद्द 7700 जोजन" (इस इशारे दी व्याख्या असी करन तों असमरथ हां। क्युकि इह दूरी तां बहुत ज्यादा हो जांदी है। इक्क जोजन = 8 मील= 12.87 किलोमीटर। कुल दूरी हो गई 7700 गुणां 12.87=99135 किलोमीटर। कुल धरती दा घेरा मसां 25000 किलो मीटर है। इह गल कहन तों जनम साखी करता दा मतलब है बहुत विशाल।

साडा कहन दा मतलब इह साखी मियामार दे शहर आवा जां इंगवा दी है जिस नूं अज्ज कल मांडला केहा जांदा है।

बाकी इह गल्ल मन्नन योग नही कि गुरू साहब 15 महीने राजा मिन सवे कोल ठहरे सन। जनम साखी विच थांयी थांयी समां वधा के लिख्या है।

https://en.wikipedia.org/wiki/Shwenankyawshin
https://en.wikipedia.org/wiki/Inwa
सवरन भूमी ते सवरनदीप –
https://en.wikipedia.org/wiki/Suvarnabhumi
होर वेखो किताब – Nagapattinam To Suvarnadwipa Reflections On The Chola Naval

नाल सतजुग है। इस राजे दा राज बहुत वड्डा है जिथो आपां समुन्दर तों आए ओथों लै के अजे ओपर चीन दे पहाड़ां तक्क एसे दा ही राज है।

हफते बाद दुबारा धरमा सिंघा दा मरदाने नाल मेल हो ग्या। उस पुच्छ्या कि "महातमा जी तुसी तां केहा सी कि तुसी दो जने हो पर इकल्ले ही भोजन खान क्यो आउदे हो।" मरदाने ने दस्स्या कि मेरे नाल दा मेरा मालक बहुत संतोखी है। खान पीन दी उनूं परवाह नही। निरंकार नूं ध्याउना ही उहदी खुराक है। उह रब्ब दा रूप है। उह रब्ब ही है। रोटी मिल गई, ठीक। नही तां कोयी प्रवाह नही। हां जे उह निरंकार नूं याद नां करे तां फिर उहदी हालत खराब हुन्दी है।

सिंघा कहन लग्गा "रोटी खा लै। चल मैं वी तेरे नाल चलदा वां संतां दे दरशन करके आउदा वां।"

गुरू साहब दे डेरे ते दोवें पहुंच गए। गुरू साहब दी निरंकार नाल लिव लग्गी होयी सी। जा के बैठ गए। सिंघा पुच्छदा मरदाने नूं कि इह कदों उठणगे।? मरदाने ने दस्स्या कि कोयी पता नही इह तां कदी कदी दिन भर ही एसे हालत विच्च कड्ढ दिन्दे ने। सिंघा पुच्छदा फिर की करीए? मरदाने ने हौली जेही उहदे कन्न विच्च केहा कि अवाज दे; करतार, करतार, सति करतार। सिंघा ने ओसे तरां कीता।


राजा मिन सवे ने वी कुझ इहो जेहा सुनेहरी सतूप ही बणवायआ होवेगा। पर इह तसवीर शहर इनवा विखे अज्ज बण रहे सतूप दी है।ध्यान नाल वेखो। बन्दे नजर आउणगे। अन्दाज़ा लायो किन्ना विशाल पगोडा है!

गुरू साहब ने अक्खां खोहलियां। हाल चाल, जान पछान पुच्छी। सिंघा ने केहा कि "मैं महाराज मिन सवे दा मुलाजम हां। राजे ने मैनूं हुकम कीता होया कि राज विच्च कोयी बन्दा भुक्खा नही रहना चाहीदा। इस करके मैं भोजन लै के हाजर होया हां। सवीकार करो।"

गुरू साहब ने महाराज बारे होर पुच्छ्या तां धरमा सिंघा ने केहा कि महाराजा अज्ज तों 10 साल पहलां (7 अपरैल 1501 ई गद्दी ते बैठा सी। (क्युकि राजे ने हुकम करके आवा नूं सोन नगरी बना दित्ता सी इतहास विच्च इस राजे दा नां 'मिन सवे' दे बिजाए ज्यादा शहायनउनकेउासहनि शवेनानक्याशिन पै गया है। जिस दा मतलब हुन्दा है सुनेहरी महल दा मालक) धरमा सिंघा ने दस्स्या कि राजे मिन सवे दे तहत कोयी 17 छोटे मोटे राजे हन। सिंघा ने केहा कि राजे दे सिर छत्र आप निरंकार ने दित्ता है। इस ने राज किसे कोलो खोहआ नही। इतहास विच्च दरज है कि राजा मिन सवे दूसरे नम्बर दा राज कुमार सी। जदों इस दा वड्डा भरा ते पिता गुजर गए तां फिर राज गद्दी इनूं मिली सी।

गुरू साहब ने भोजन करन तों नांह कर दित्ती तां सिंघा ने केहा कि जे इह वाला भोजन तुहानूं पसन्द नही तां मैं कोयी दूसरी वसतू लै आउदा हां। बाबे ने केहा कि नही अजेही कोयी गल्ल नही, साडा तुहाडे राजे नाल गिला है। कदी राजे नूं मिल के गिला शिकवा दूर करके फिर तुहाडे नाल भोजन करांगे।

सिंघा कहन लग्गा कि केहड़ी गल्लों तुसी राजे नाल खफा हो संत जी। गुरू साहब ने सिंघा नूं केहा कि इह तां राजे नूं ही दस्स सकदा हां। उह ही समझ पाएगा।

धरमा सिंघा ने झट्ट राजे नूं गल्ल दस्सी कि बाहर इक्क साधू आया है ते उह तुहाडे ते खुश्श नही है। मैं कारन पुच्छ्या तां कहन लग्गा कि इह गल्ल तां मैं राजा नूं ही दस्स सकदा हां।

सबब्बी राजा वी उस वेले फुरसत विच्च सी। झट्ट घोड़े ते काठी पवायी ते गुरू साहब कोल आ पहुंच्या। जान पछान होयी गुरू साहब कोलो राजे ने दिल्ली पंजाब दियां गल्लां पुच्छियां। साहब ने दस्स्या कि किवे उह चिटागांग ते मराक ऊ दे राजे नूं वी मिल के आए ने। राजा गुरू साहब दे राजनीतक ग्यान तों बहुत प्रभावित होया।

गुरू साहब ने फिर राजा दे पिच्छोकड़ बारे गल्ल बात शुरू कर दित्ती। उहदे बीते दियां कई गल्लां दस्सियां कि किवे उहदी मूरखता दे बावजूद निरंकार उहदी रक्ख्या करदा आया है। उह गल्लां ते उह राज सिरफ राजा ही जाणदा सी। राजा मिन सवे (कवल नैन) झट्ट गुरू साहब दे पैरी आ प्या ते खिमा दी याचना कीती।

राजे ने केहा कि पिच्छे जो होया सी होया अग्गे वासते मैनूं हुकम करो। जिवे तुसी कहोगे मैं ओवें ही करांगा। राजे ने गुरू साहब अग्गे अरजोयी कीती कि साहब मैनूं राज करन विच्च बहुत मुशकलां पेश आ रहिया हन किरपा करो।

गुरू साहब ने राजा मिन सवे नूं सलाह दित्ती कि जे भला चाहुन्दे हो तां चिटागांग दे राजा हुसैन शाह नाल संधी कर लओ ते उस दे सलामी बण जायो, तुहाडा राज

बच्या रहेगा। (लगदै इथे गुरू साहब ने राजे नूं समझायआ होए कि तुसी दोवें राजे मिल के दिल्ली वी फतह कर सकदे हो।) जे अजेहा नही करोगे तां तुहाडी मरजी। राजे ने केहा कि हुसैन शाह तां वड्डा राजा है जे कोयी उस तों वी नीवा है तां मै उस नूं वी नमसकार करन नूं त्यार हां। तुहाडा हुकम चाहीदा है, बस।

गुरू साहब ने राजे नूं सिक्खी दा तिन्न थंमा सिधांत समझायआ : नाम जपणा, किरत करनी ते वंड छकणा।

राजे मिन सवे ने गुरू साहब दे सारे हुकम मन्नन दा वायदा दे के बेनती कीती कि चलों हुन मेरे महलां नूं वी पवितर कर द्यो। गुरू साहब राजे दे महलां विच्च गए ते हफता दस दिन उस शहर दे वसनीकां नूं ही सतिनाम सति करतार दे नाम नाल जोड़्या। दूसरे पाखंडां तों हटा के इक्क निराकार प्रभू नाल जोड़्या।

----◆----

## अगे जम्बू दीप नूं चले (बाला पन्ना 180)

जदों देवलूत राजे 'बिन्या रन' ने बाबे ते मरदाने दा शिकार खेडना चाहआ�

बरमा दे इक्क वड्डे हिसे ते हंथावड्डी (हंसावती: जो हंस पालदे सन) खानदान राज करदा सी। किसे मौके इक्क रानी 'शीं साबो' दा राज बेगो ते हो ग्या। शीं साबो इक्क बोधी भिकशू धंमाजेदी तों इनी प्रभावत होयी कि उस ने आपनी राजकुमारी धी दा व्याह धंमाजेदी भिकशू नाल कर दित्ता। 1471 ई विच्च फिर धंमाजेदी ही बेगो ते तखत ते बराजमान हो ग्या। ओहदे धरमी राज दी चार चुफेरे धुंम पै गई। इहने राज करन दे नवे कनून्न घड़ दित्ते जो अज्ज वी दसतावेज ते तौर सिललेख ते मिलदे हन इनां नूं धंमाज़ेदी प्याटन केहा जांदा है।

एसे मशहूर बोधी भिकशू राजे दे पुत्तर 'बिन्या रन' दा राज (1492 ई तों 1526) नूं बेगो ते हो जांदा है। इह एनां झल्ला राजा सी कि दूसरी र्यासत विच्च सथित शवाजीगौन सतूप ते मत्था टेकन फौजां समेत चला ग्या।

जनम साखी अनुसार बागो शहर पहुंचन विच्च बाबे ते मरदाने नूं 27 दिन लग्गे। किते धरती ते किते पहाड़। इह शहर जित्थे पहुंचे पहाड़ी ते मौजूद है। राजे दा नां देवलूत दित्ता है। गुरू साहब शहर तों 2 कोह उरां ही डेरा जमा के बह गए। राजे नूं खबर मिली कि कुझ वक्खरी ही नसल दे बन्दे बाहर बैठे ने।

इलाके च रिवाज हुन्दा सी कि दुशमन दे बन्द्या नूं मार के खा जांदे सन। लग्गदा है कि गुरू साहब ते वी शक्क होया ते राजे ने बन्दे भेजे गुरू साहब नूं ग्रिफतार करन। साखी च आउदा है कि जदों बन्दे गुरू साहब दे नजदीक पहुंचन तां अन्ने हो जावन। दूर हट्टन तां दिसना शुरू हो जावे।

राजे ने इस तरां 7 वक्ख वक्ख टीमां भेजियां। पर हर वारी इहो होया। राजे दे वजीर ने फिर सलाह दित्ती कि हो सकदा है कि ओथे बैठा कोयी पूरन महातमा पुरख होवे । उस केहा कि राजा जी मैनूं इजाजत देवो। पर शुध ते सतिकार वाली भावना नाल साधूआं कोल जांदा हां जे मैं अन्ना नां होया तां समझ लैना कि कोयी पूरन ब्रहमग्यानी पुरख है उह । राजे नूं इह सलाह चंगी लग्गी ते वजीर भेट लै के गुरू साहब दे हाजर होया। विसथार विच्च गल्लां बातां होईआं। वजीर ने सरकार दे पहले नजरीए ते माफी मंगी ते शरम महसूस कीती। आ के राजे नूं सारी गल्ल बात दस्सी। फिर राजा आप गुरू साहब दे दरशनां नूं लाम लशकर समेत पहुंच्या। मन विच्च बुधमत जां कोयी होर दवेश भावना होन करके उह वी अन्ना हो गया ते वापस परत्या। आ के वजीर नाल गल्ल कीती।

फिर वजीर गुरू साहब कोल राजे समेत ग्या। पैरी पै के भुल्ल बखसवाई। गुरू साहब नूं महलां विच्च सद्द्या। गुरू साहब ने महली जान तों इनकार कीता। राजे ने भोजन वासते वी सद्द्या तां गुरू साहब ने इस गल्ल ते वी डट्ट के विरोधता कीती कि तुहाडा राखश खाना मैनूं सवीकार नही। जनम साखी विच्च आउदा है कि राजे ने अग्गे तों वायदा कीता कि उह इनसानी मास नही खावेगा ते राज विच्च राखशपुने ते पाबन्दी लाई। गुरू साहब कोलो नाम दात हासल कीती ते आपने जीवन विच्च काल विच्च सिक्खी दा प्रचारक ही बण्या रेहा।

काफी समां ओथे गुरू साहब रहे ते फिर समुन्दरी जहाज रांही बंगाल वाले पासे आ गए।

—▲—

ਪੈੜ ਮਗ

⊙ हंथावड्डी र्यासत दा बिन्या रां

https://en.wikipedia.org/wiki/Binnya_Ran_II
https://en.wikipedia.org/wiki/Bago,_Myanmar
https://en.wikipedia.org/wiki/List_of_capitals_of_Myanmar
https://en.wikipedia.org/wiki/Inwa

बाला इथे जम्बू दीप दी गल्ल करदा है। ह्यून साग वरगे बाहरी यातरूआं जम्बू दीप भारत नूं केहा। पर बाला इथे जम्बू (हाथी) तों मतलब लै रेहा है। हाथी थाईलैंड विच्च वी खूब सी ते बरमा विच्च वी ओनी दिनी आम मिलदे सन।राखश थाईलैंड वी हुन्दे सी। सो संभावना इनां दोवां इलाक्यां दी बण सकदी है। पर बंगाल दा राज ओधर होन दी संभावना नही बणदी।

जे तां थांईलैंड दी गल्ल हुन्दी तां राजधानी अयुथ्या (अयुध्या) जो तिन्न दर्यांवां दे दरम्यान आउदी है ओहदा जरूर जिकर होना सी। इह राजधानी वी पहाड़ी इलाका नही।

इस खित्ते विच्च फिर बेगो दी हंसावती र्यासत बचदी है। जित्थे हाथी वी हन ते लोक वी मानस खाने राखस सन ते अगली गल्ल राजा वी बोधी देवलूत।

बाकी जेहड़ी बाले ने गल्ल लिखी है कि 27 दिनां विच्च इथे पहुंचे इह वी लग्ग सच्ची हो सकदी है क्युकि सवरन पुर (इनवा) तों बेगो दा रसता दुरगम पहाड़ी है।पैदल कुल मिला के 600 किलोमीटर हो ही जांदा होवेगा क्युकि नक्क दी सीध ते ही 510 किलोमीटर पै जांदा है।